# Punjab ETT

## Previous Year Paper

### 5 March, 2023

| | | |
|---|---|---|
| 1. | ਗੁਰੂ ਅਰਜਨ ਦੇਵ ਜੀ ਨੇ "ਸ੍ਰੀ ਆਦਿ ਗ੍ਰੰਥ ਸਾਹਿਬ" ਦੀ ਸੰਪਾਦਨਾ ਕਦੋਂ ਕੀਤੀ? | |
| | (A) 1601 | (B) 1604 |
| | (C) 1608 | (D) 1610 |
| 2. | ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਿਹੜੇ ਗੁਰੂ ਸਾਹਿਬ ਨੇ ਕਰਵਾਇਆ? | |
| | (A) ਗੁਰੂ ਅੰਗਦ ਦੇਵ ਜੀ | (B) ਗੁਰੂ ਰਾਮਦਾਸ ਜੀ |
| | (C) ਗੁਰੂ ਅਮਰਦਾਸ ਜੀ | (D) ਗੁਰੂ ਹਰਿਕ੍ਰਿਸ਼ਨ ਜੀ |
| 3. | 'ਆਸਾ ਦੀ ਵਾਰ' ਬਾਣੀ ਕਿਸਦੀ ਹੈ? | |
| | (A) ਭਾਈ ਗੁਰਦਾਸ ਜੀ ਦੀ | (B) ਗੁਰੂ ਰਾਮਦਾਸ ਜੀ ਦੀ |
| | (C) ਗੁਰੂ ਨਾਨਕ ਦੇਵ ਜੀ ਦੀ | (D) ਉਪਰੋਕਤ ਵਿੱਚੋਂ ਕੋਈ ਨਹੀਂ |
| 4. | 'ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ<br>ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ<br>ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।।<br>ਉਪਰੋਕਤ ਸਤਰਾਂ ਦਾ ਕਰਤਾ ਕੌਣ ਹੈ? | |
| | (A) ਗੁਰੂ ਨਾਨਕ ਦੇਵ ਜੀ | (B) ਗੁਰੂ ਅਮਰਦਾਸ ਜੀ |
| | (C) ਗੁਰੂ ਅਰਜਨ ਦੇਵ ਜੀ | (D) ਭਾਈ ਗੁਰਦਾਸ ਜੀ |
| 5. | ਕਿਹੜੇ ਗੁਰੂ ਸਾਹਿਬ ਨੇ 17 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ? | |
| | (A) ਗੁਰੂ ਨਾਨਕ ਦੇਵ ਜੀ | (B) ਗੁਰੂ ਅਮਰਦਾਸ ਜੀ |
| | (C) ਗੁਰੂ ਰਾਮਦਾਸ ਜੀ | (D) ਗੁਰੂ ਅਰਜਨ ਦੇਵ ਜੀ |
| 6. | ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।<br>ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।<br>ਕੈਸੀ ਆਰਤੀ ਹੋਇ।।ਭਵ ਖੰਡਨਾ ਤੇਰੀ ਆਰਤੀ।।<br>ਉਪਰੋਕਤ ਸਤਰਾਂ ਕਿਸ ਦੀਆਂ ਹਨ? | |
| | (A) ਗੁਰੂ ਨਾਨਕ ਦੇਵ ਜੀ | (B) ਗੁਰੂ ਅਰਜਨ ਦੇਵ ਜੀ |
| | (C) ਗੁਰੂ ਅਮਰਦਾਸ ਜੀ | (D) ਗੁਰੂ ਤੇਗ਼ ਬਹਾਦਰ ਜੀ |
| 7. | ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ? | |
| | **(A) 1563** | **(B) 1564** |
| | **(C) 1561** | **(D) 1565** |
| 8. | ਗੁਰੂ ਅਮਰਦਾਸ ਜੀ ਦੇ ਪਿਤਾ ਦਾ ਕੀ ਨਾਮ ਸੀ? | |
| | (A) ਫੇਰੂਮੱਲ | (B) ਤੇਜਭਾਨ |
| | (C) ਹਰੀਦਾਸ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 9. | 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਕਿਹੜੇ ਗੁਰੂ ਸਾਹਿਬ ਦੀ ਬਾਣੀ ਸਭ ਤੋਂ ਵੱਧ ਦਰਜ ਹੈ? | |
| | (A) ਗੁਰੂ ਅਰਜਨ ਦੇਵ ਜੀ | (B) ਗੁਰੂ ਤੇਗ਼ ਬਹਾਦਰ ਜੀ |
| | (C) ਗੁਰੂ ਰਾਮਦਾਸ ਜੀ | (D) ਗੁਰੂ ਨਾਨਕ ਦੇਵ ਜੀ |

| | | |
|---|---|---|
| 10. | ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ।।<br>ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ।।<br>ਉਪਰੋਕਤ ਸਤਰਾਂ ਕਿਸ ਬਾਣੀ ਵਿੱਚੋਂ ਹਨ? | |
| | (A) ਆਸਾ ਦੀ ਵਾਰ | (B) . ਮਾਝ ਦੀ ਵਾਰ |
| | (C) ਅਨੰਦ ਸਾਹਿਬ | (D) ਸੁਖਮਨੀ ਸਾਹਿਬ |
| 11. | 'ਗੰਜੇ-ਸ਼ੱਕਰ' ਕਿਸ ਸੂਫ਼ੀ ਸੰਤ ਦੇ ਨਾਮ ਨਾਲ ਲੱਗਦਾ ਹੈ? | |
| | (A) ਬੁੱਲ੍ਹੇ ਸ਼ਾਹ | (B) ਸ਼ਾਹ ਇਨਾਇਤ |
| | (C) ਸ਼ਾਹ ਹੁਸੈਨ | (D) ਸ਼ੇਖ਼ ਫ਼ਰੀਦ |
| 12. | 'ਹੀਰ ਰਾਂਝੇ ਦੇ ਹੋ ਗਏ ਮੇਲੇ,<br>ਭੁੱਲੀ ਹੀਰ ਢੂੰਢੇਂਦੀ ਬੇਲੇ,<br>ਰਾਂਝਣ ਯਾਰ ਬੁਕਲ ਵਿੱਚ ਖੇਲੇ,<br>ਮੈਨੂੰ ਸੁੱਧ ਰਹੀ ਨਾ ਸਾਰ'<br>ਉਪਰੋਕਤ ਸਤਰਾਂ ਕਿਸ ਦੀਆਂ ਹਨ? | |
| | (A) ਵਾਰਿਸ ਸ਼ਾਹ | (B) ਬੁੱਲ੍ਹੇ ਸ਼ਾਹ |
| | (C) ਦਮੋਦਰ | (D) ਸ਼ਾਹ ਹੁਸੈਨ |
| 13. | ਸ਼ਾਹ ਹੁਸੈਨ ਦੇ ਪਿਤਾ ਦਾਂ ਕੀ ਨਾਮ ਸੀ? | |
| | (A) ਸ਼ੇਖ਼ ਉਸਮਾਨ | (B) ਸ਼ੇਖ਼ ਜਮਾਲੁਦੀਨ ਸੁਲੇਮਾਨ |
| | (C) ਮੀਆਂ ਮੁਹੰਮਦ | (D) ਗ਼ੁਲਾਮ ਮੁਹੱਯਉਦੀਨ |
| 14. | ਬੁੱਲ੍ਹੇ ਸ਼ਾਹ ਨੇ ਕਿਹੜੇ ਕਾਵਿ ਰੂਪ ਵਿਚ ਸਿਰਜਣਾ ਨਹੀਂ ਕੀਤੀ? | |
| | (A) ਕਾਫ਼ੀਆਂ | (B) ਅਠਵਾਰੇ |
| | (C) ਸ਼ੁਤਰਨਾਮਾ | (D) ਸੀਹਰਫ਼ੀਆਂ |
| 15. | ਸ਼ੇਖ਼ ਫ਼ਰੀਦ ਜੀ ਦੇ ਮੁਰਸ਼ਦ ਕੌਣ ਸਨ? | |
| | (A) ਸ਼ਾਹ ਇਨਾਇਤ | (B) ਕੁਤਬਦੀਨ ਬਖ਼ਤਿਆਰ ਕਾਕੀ |
| | (C) ਹਦਾਇਤਉੱਲਾ | (D) ਖ਼ੁਆਜਾ ਫ਼ਕੀਰ-ਉੱਦ-ਦੀਨ |
| 16. | 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਬਾਬਾ ਫ਼ਰੀਦ ਦੀ ਕਿੰਨੀ ਬਾਣੀ ਦਰਜ ਹੈ? | |
| | (A) 112 ਸਲੋਕ 3 ਸ਼ਬਦ | (B) 110 ਸਲੋਕ 2 ਸ਼ਬਦ |
| | (C) 112 ਸਲੋਕ 4 ਸ਼ਬਦ | (D) 111 ਸਲੋਕ 3 ਸ਼ਬਦ |
| 17. | ਸ਼ਾਹ ਹੁਸੈਨ ਦਾ ਦੇਹਾਂਤ ਕਦੋਂ ਹੋਇਆ? | |
| | (A) 1593 | (B) 1590 |
| | (C) 1591 | (D) 1594 |

18. 'ਸੁਇਨੇ ਦੇ ਕੋਟ ਰੁਪਿਹਰੀ ਛੱਜੇ,
ਹਰਿ ਬਿਨ ਜਾਇ ਮਸਾਣੁ।
ਤੇਰੇ ਸਿਰ ਤੇ ਜਮ ਸਾਜ਼ਸ਼ ਕਰਦਾ
ਭਾਵੇਂ ਤੂੰ ਜਾਣੁ ਨ ਜਾਣੁ।'

ਉਪਰੋਕਤ ਸਤਰਾਂ ਕਿਸਦੀਆਂ ਹਨ?

| | |
|---|---|
| (A) ਬੁੱਲ੍ਹੇ ਸ਼ਾਹ | (B) ਸ਼ਾਹ ਹੁਸੈਨ |
| (C) ਗੁਰੂ ਨਾਨਕ ਦੇਵ ਜੀ | (D) ਫ਼ਰਦ ਫ਼ਕੀਰ |

19. 'ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।

ਉਪਰੋਕਤ ਸਤਰਾਂ ਵਿਚ 'ਨਿਵਾਤ' ਸ਼ਬਦ ਦਾ ਅਰਥ ਕੀ ਹੈ?

| | |
|---|---|
| (A) ਮਿਸ਼ਰੀ | (B) ਸ਼ਹਿਦ |
| (C) ਮਠਿਆਈ | (D) ਉਪਰੋਕਤ ਵਿੱਚੋਂ ਕੋਈ ਨਹੀਂ |

20. 'ਕਦੇ ਨਮਾਜ਼ ਵਹਿਦਤ ਨਾ ਕੀਤੀ,
ਹੁਣ ਕਿਉਂ ਕਰਨਾ ਏ ਧਾੜੋ ਧਾੜ'

ਉਪਰੋਕਤ ਸਤਰਾਂ ਵਿਚ 'ਵਹਿਦਤ' ਸ਼ਬਦ ਤੋਂ ਕੀ ਭਾਵ ਹੈ?

| | |
|---|---|
| (A) ਪਿਆਰ | (B) ਰੱਬੀ ਏਕਤਾ |
| (C) ਸਾਧਨਾ | (D) ਇਖ਼ਲਾਕ |

21. 'ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁੱਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀਂ ਦਸਤ ਧਰੇਨ।

ਉਪਰੋਕਤ ਸਤਰਾਂ ਕਿਸਦੀਆਂ ਹਨ?

| | |
|---|---|
| (A) ਅਹਿਮਦਯਾਰ | (B) ਹਾਫ਼ਿਜ਼ ਬਰਖ਼ੁਰਦਾਰ |
| (C) ਪੀਲੂ | (D) ਅਹਿਮਦ ਗੁੱਜਰ |

22. ਵਾਰਿਸ ਸ਼ਾਹ ਨੇ ਹੇਠ ਲਿਖਿਆਂ ਵਿੱਚੋਂ ਕਿਸ ਤੋਂ ਵਿੱਦਿਆ ਹਾਸਲ ਕੀਤੀ?

| | |
|---|---|
| (A) ਗ਼ੁਲਾਮ ਮੁਹੱਯਉਦੀਨ ਮਖ਼ਦੂਮ | (B) ਹਜ਼ਰਤ ਨਿਜ਼ਾਮਉੱਦੀਨ ਔਲੀਆ |
| (C) ਸੱਯਦ ਅਬਦੁਲ ਕਾਦਰ ਜੀਲਾਨੀ | (D) ਇਬਨ-ਅਲ-ਅਰਬੀ |

23. ਹਾਸ਼ਮ ਸ਼ਾਹ ਨੇ ਕਿਹੜਾ ਕਿੱਸਾ ਨਹੀਂ ਨਹੀਂ ਲਿਖਿਆ?

| | |
|---|---|
| (A) ਸੱਸੀ ਪੁੰਨੂੰ | (B) ਗੁਲ-ਸਨੋਬਰ |
| (C) ਸੋਹਣੀ ਮਹੀਂਵਾਲ | (D) ਸ਼ੀਰੀ ਫ਼ਰਿਹਾਦ |

24. 'ਰੱਜ ਦੁਆਈਂ ਦਿੱਤੀਆਂ, ਸੋਹਣੇ ਪਰਿਵਾਰ
ਰਲ ਤਦਬੀਰਾਂ ਬਣਦੀਆਂ, ਛੈਲ ਹੋਈ ਮੁਟਿਆਰ।

ਉਪਰੋਕਤ ਸਤਰਾਂ ਵਿਚ 'ਤਦਬੀਰਾਂ' ਸ਼ਬਦ ਦਾ ਅਰਥ ਕੀ ਹੈ?

| | |
|---|---|
| (A) ਯਤਨ | (B) ਮੁਸ਼ਕਿਲ |
| (C) ਕਿਸਮਤ | (D) ਹੁਲਾਸ |

| | | |
|---|---|---|
| 25. | 'ਕੁਛ ਡਿਗਦੀ ਕੁਛ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ<br>ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉਤੇ ਵਲ ਵੈਂਦੀ।'<br>ਉਪਰੋਕਤ ਸਤਰਾਂ ਕਿਸਦੀਆਂ ਹਨ? | |
| | (A) ਹਾਸ਼ਮ ਸ਼ਾਹ | (B) ਪੀਲੂ |
| | (C) ਵਾਰਿਸ ਸ਼ਾਹ | (D) ਦਮੋਦਰ |
| 26. | 'ਜੀਵਨ ਸੰਦੇਸ਼' ਮਾਸਿਕ ਪੱਤਰ ਦਾ ਸੰਬੰਧ ਕਿਸ ਨਾਲ ਹੈ? | |
| | (A) ਗਿਆਨੀ ਗੁਰਦਿੱਤ ਸਿੰਘ | (B) ਪ੍ਰਿੰ. ਤੇਜਾ ਸਿੰਘ |
| | (C) ਨਰਿੰਦਰ ਸਿੰਘ ਕਪੂਰ | (D) ਹਰਪਾਲ ਸਿੰਘ ਪੰਨੂ |
| 27. | 'ਗੁਰੂ ਨਾਨਕ ਦਾ ਕੁਦਰਤ ਸਿਧਾਂਤ' ਪੁਸਤਕ ਦਾ ਕਰਤਾ ਕੌਣ ਹੈ? | |
| | (A) ਗੁਰਬਖ਼ਸ਼ ਸਿੰਘ | (B) ਨਰਿੰਦਰ ਕਪੂਰ |
| | (C) ਹਰਪਾਲ ਸਿੰਘ ਪੰਨੂ | (D) ਪ੍ਰਿੰ. ਤੇਜਾ ਸਿੰਘ |
| 28. | 'ਮੇਰਾ ਪਿੰਡ' ਪੁਸਤਕ ਦਾ ਲੇਖਕ ਕੌਣ ਹੈ? | |
| | (A) ਪ੍ਰਿੰ. ਤੇਜਾ ਸਿੰਘ | (B) ਹਰਪਾਲ ਸਿੰਘ ਪੰਨੂ |
| | (C) ਗਿਆਨੀ ਗੁਰਦਿੱਤ ਸਿੰਘ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 29. | ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਮ ਹੈ: | |
| | (A) ਨੰਗੀ ਧੁੱਪ | (B) ਆਰਸੀ |
| | (C) ਰਸੀਦੀ ਟਿਕਟ | (D) ਨੰਗੇ ਪੈਰਾਂ ਦਾ ਸਫ਼ਰ |
| 30. | 'ਤੁਰਨ ਦਾ ਹੁਨਰ' ਨਿਬੰਧ ਦਾ ਲੇਖਕ ਹੈ: | |
| | (A) ਨਰਿੰਦਰ ਸਿੰਘ ਕਪੂਰ | (B) ਹਰਪਾਲ ਸਿੰਘ ਪੰਨੂ |
| | (C) ਪ੍ਰਿੰ. ਤੇਜਾ ਸਿੰਘ | (D) ਗਿਆਨੀ ਗੁਰਦਿੱਤ ਸਿੰਘ |
| 31. | ਹੇਠ ਲਿਖਿਆਂ ਵਿੱਚੋਂ ਕਿਹੜੀ ਪੁਸਤਕ ਪ੍ਰਿੰ. ਤੇਜਾ ਸਿੰਘ ਦੀ ਨਹੀਂ ਹੈ? | |
| | (A) ਨਵੀਆਂ ਸੋਚਾਂ | (B) ਸਹਿਜ ਸੁਭਾ |
| | (C) ਗੁਰਬਾਣੀ ਦਾ ਇਤਿਹਾਸ | (D) ਸਾਹਿਤ ਦਰਸ਼ਨ |
| 32. | 'ਬੇਬੇ ਜੀ' ਨਿਬੰਧ ਦਾ ਲੇਖਕ ਹੈ: | |
| | (A) ਹਰਪਾਲ ਸਿੰਘ ਪੰਨੂ | (B) ਨਰਿੰਦਰ ਸਿੰਘ ਕਪੂਰ |
| | (C) ਗੁਰਬਖ਼ਸ਼ ਸਿੰਘ | (D) ਗਿਆਨੀ ਗੁਰਦਿੱਤ ਸਿੰਘ |
| 33. | 'ਬੋਲੀ' ਨਿਬੰਧ ਕਿਸਦਾ ਲਿਖਿਆ ਹੋਇਆ ਹੈ? | |
| | (A) ਗੁਰਬਖ਼ਸ਼ ਸਿੰਘ | (B) ਪ੍ਰਿੰ ਤੇਜਾ ਸਿੰਘ |
| | (C) ਗਿਆਨੀ ਗੁਰਦਿੱਤ ਸਿੰਘ | (D) ਇਨ੍ਹਾਂ ਵਿੱਚੋਂ ਕੋਈ ਨਹੀਂ। |
| 34. | ਹੇਠ ਲਿਖਿਆਂ ਵਿੱਚੋਂ 'ਪ੍ਰੀਤਲੜੀ' ਮਾਸਿਕ ਪੱਤਰ ਦਾ ਸੰਬੰਧ ਕਿਸ ਨਾਲ ਹੈ? | |
| | (A) ਪ੍ਰੋ. ਪੂਰਨ ਸਿੰਘ | (B) ਪ੍ਰਿੰ.ਤੇਜਾ ਸਿੰਘ |
| | (C) ਨਰਿੰਦਰ ਸਿੰਘ ਕਪੂਰ | (D) ਗੁਰਬਖ਼ਸ਼ ਸਿੰਘ |

| | | |
|---|---|---|
| 35. | 'ਮੇਰੇ ਵੱਡੇ-ਵਡੇਰੇ' ਨਿਬੰਧ ਦੇ ਲੇਖਕ ਦਾ ਨਾਮ ਹੈ: | |
| | (A) ਗਿਆਨੀ ਗੁਰਦਿੱਤ ਸਿੰਘ | (B) ਗੁਰਬਖ਼ਸ਼ ਸਿੰਘ |
| | (C) ਨਰਿੰਦਰ ਸਿੰਘ ਕਪੂਰ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 36. | ਸੁਜਾਨ ਸਿੰਘ ਨੂੰ ਕਿਸ ਪੁਸਤਕ 'ਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਪ੍ਰਾਪਤ ਹੋਇਆ? | |
| | (A) ਕੁਲਫ਼ੀ | (B) ਬਾਗ਼ਾਂ ਦਾ ਰਾਖਾ |
| | (C) ਸ਼ਹਿਰ ਤੇ ਗ੍ਰਾਂ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 37. | 'ਅੰਗ-ਸੰਗ' ਰਚਨਾ ਦੀ ਵਿਧਾ ਕਿਹੜੀ ਹੈ? | |
| | (A) ਨਾਵਲ | (B) ਰੇਖਾ ਚਿੱਤਰ |
| | (C) ਇਕਾਂਗੀ | (D) ਕਹਾਣੀ |
| 38. | 'ਇੱਕ ਪੈਰ ਘੱਟ ਤੁਰਨਾ' ਕਹਾਣੀ ਕਿਸ ਦੀ ਲਿਖੀ ਹੋਈ ਹੈ? | |
| | (A) ਸੁਜਾਨ ਸਿੰਘ | (B) ਕੁਲਵੰਤ ਸਿੰਘ ਵਿਰਕ |
| | (C) ਅਜੀਤ ਕੌਰ | (D) ਮੋਹਨ ਭੰਡਾਰੀ |
| 39. | ਕੁਲਵੰਤ ਸਿੰਘ ਵਿਰਕ ਦਾ ਜਨਮ ਕਦੋਂ ਹੋਇਆ? | |
| | (A) 1915 | (B) 1921 |
| | (C) 1928 | (D) 1930 |
| 40. | ਮੋਹਨ ਭੰਡਾਰੀ ਦੇ ਕਿਹੜੇ ਕਹਾਣੀ-ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ? | |
| | (A) ਮੂਨ ਦੀ ਅੱਖ | (B) ਪਛਾਣ |
| | (C) ਤਿਲਚੌਲੀ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 41. | ਕੁਲਵੰਤ ਸਿੰਘ ਵਿਰਕ ਕਿਹੜੇ ਮਾਸਿਕ ਪੱਤਰ ਦੇ ਸੰਪਾਦਕ ਰਹੇ? | |
| | (A) ਜਾਗ੍ਰਤੀ | (B) ਫੁਲਵਾੜੀ |
| | (C) ਪ੍ਰੀਤਲੜੀ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 42. | ਹੇਠ ਲਿਖਿਆਂ ਵਿੱਚੋਂ ਕਿਹੜੀ ਰਚਨਾ ਅਜੀਤ ਕੌਰ ਦੀ ਨਹੀਂ ਹੈ? | |
| | (A) ਬੁੱਤ ਸ਼ਿਕਨ | (B) ਫ਼ਾਲਤੂ ਔਰਤ |
| | (C) ਸਾਵੀਆਂ ਚਿੜੀਆਂ | (D) ਨਰਕਾਂ ਦੇ ਦੇਵਤੇ |
| 43. | ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬਲਦ' ਉਸਦੇ ਕਿਹੜੇ ਕਹਾਣੀ-ਸੰਗ੍ਰਹਿ ਵਿਚ ਦਰਜ ਹੈ? | |
| | (A) ਦੁੱਧ ਦਾ ਛੱਪੜ | (B) ਛਾਹ ਵੇਲਾ |
| | (C) ਤੂੜੀ ਦੀ ਪੰਡ | (D) ਨਵੇਂ ਲੋਕ |
| 44. | 'ਬਾਕੀ ਸਭ ਸੁੱਖ ਸਾਂਦ ਹੈ' ਕਹਾਣੀ ਕਿਸਦੀ ਲਿਖੀ ਹੋਈ ਹੈ? | |
| | (A) ਸੁਜਾਨ ਸਿੰਘ | (B) ਵਰਿਆਮ ਸੰਧੂ |
| | (C) ਮੋਹਨ ਭੰਡਾਰੀ | (D) ਅਜੀਤ ਕੌਰ |
| 45. | ਨਿਮਨ ਵਰਗ ਦੇ ਸਾਧਾਰਨ ਮਨੁੱਖ ਦੀਆਂ ਸਮੱਸਿਆਵਾਂ ਨੂੰ ਚਿਤਰਨ ਵਾਲਾ ਕਹਾਣੀਕਾਰ ਕਿਹੜਾ ਹੈ? | |
| | (A) ਅਜੀਤ ਕੌਰ | (B) ਕੁਲਵੰਤ ਸਿੰਘ ਵਿਰਕ |
| | (C) ਸੁਜਾਨ ਸਿੰਘ | (D) ਇਨ੍ਹਾਂ ਵਿੱਚੋਂ ਕੋਈ ਨਹੀਂ। |

| | | |
|---|---|---|
| 46. | ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੀਨਸ' ਦਾ ਪੰਜਾਬੀ ਅਨੁਵਾਦ ਕਿਸਨੇ ਕੀਤਾ? | |
| | (A) ਬਲਵੰਤ ਗਾਰਗੀ | (B) ਈਸ਼ਵਰ ਚੰਦਰ ਨੰਦਾ |
| | (C) ਡਾ. ਆਤਮਜੀਤ | (D) ਪਾਲੀ ਭੁਪਿੰਦਰ ਸਿੰਘ |
| 47. | 'ਪਰਤ ਆਉਣ ਤੱਕ' ਇਕਾਂਗੀ ਕਿਸਦੀ ਹੈ? | |
| | (A) ਸਤੀਸ਼ ਕੁਮਾਰ ਵਰਮਾ | (B) ਗੁਰਸ਼ਰਨ ਸਿੰਘ |
| | (C) ਡਾ.ਆਤਮਜੀਤ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 48. | ਹੇਠ ਲਿਖਿਆਂ ਵਿੱਚੋਂ ਕਿਹੜੀ ਇਕਾਂਗੀ ਬਲਵੰਤ ਗਾਰਗੀ ਦੀ ਹੈ? | |
| | (A) ਬੰਬ ਕੇਸ | (B) ਗੁਬਾਰੇ |
| | (C) ਮੈਨਧਾਰੀ | (D) ਜ਼ਫ਼ਰਨਾਮਾ |
| 49. | 'ਕੈਮਲੂਪਸ ਦੀਆਂ ਮੱਛੀਆਂ' ਨਾਟ-ਰਚਨਾ ਦਾ ਲੇਖਕ ਕੌਣ ਹੈ? | |
| | (A) ਈਸ਼ਵਰ ਚੰਦਰ ਨੰਦਾ | (B) ਆਤਮਜੀਤ |
| | (C) ਗੁਰਸ਼ਰਨ ਸਿੰਘ | (D) ਸਤੀਸ਼ ਕੁਮਾਰ ਵਰਮਾ |
| 50. | ਪਾਲੀ ਭੁਪਿੰਦਰ ਸਿੰਘ ਦਾ ਜਨਮ ਕਦੋਂ ਹੋਇਆ? | |
| | (A) 1961 | (B) 1960 |
| | (C) 1965 | (D) 1964 |
| 51. | 'ਸਿਰਜਣਾ' ਇਕਾਂਗੀ ਦਾ ਲੇਖਕ ਕੌਣ ਹੈ? | |
| | (A) ਪਾਲੀ ਭੁਪਿੰਦਰ ਸਿੰਘ | (B) ਈਸ਼ਵਰ ਚੰਦਰ ਨੰਦਾ |
| | (C) ਆਤਮਜੀਤ | (D) ਬਲਵੰਤ ਗਾਰਗੀ |
| 52. | ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਬਾਨੀ ਕੌਣ ਸਨ? | |
| | (A) ਗੁਰਸ਼ਰਨ ਸਿੰਘ | (B) ਆਤਮਜੀਤ |
| | (C) ਬਲਵੰਤ ਗਾਰਗੀ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 53. | ਹੇਠ ਲਿਖਿਆਂ ਵਿਚੋਂ ਕਿਹੜਾ ਇਕਾਂਗੀਕਾਰ 'ਮੰਚਣ' ਰਸਾਲੇ ਦਾ ਸੰਪਾਦਕ ਰਿਹਾ ਹੈ? | |
| | (A) ਗੁਰਚਰਨ ਸਿੰਘ ਜਸੂਜਾ | (B) ਡਾ. ਆਤਮਜੀਤ |
| | (C) ਪਾਲੀ ਭੁਪਿੰਦਰ ਸਿੰਘ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 54. | 'ਨਾਇਕ' ਇਕਾਂਗੀ ਕਿਸ ਇਕਾਂਗੀਕਾਰ ਦੀ ਰਚਨਾ ਹੈ? | |
| | (A) ਡਾ. ਹਰਚਰਨ ਸਿੰਘ | (B) ਬਲਵੰਤ ਗਾਰਗੀ |
| | (C) ਗੁਰਸ਼ਰਨ ਸਿੰਘ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 55. | ਈਸ਼ਵਰ ਚੰਦਰ ਨੰਦਾ ਦਾ ਜਨਮ ਕਦੋਂ ਹੋਇਆ? | |
| | (A) 1890 | (B) 1891 |
| | (C) 1892 | (D) 1894 |
| 56. | ਜਿਨ੍ਹਾਂ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਵਿੱਚੋਂ ਨਿਕਲਦੀ ਸਾਹ ਦੀ ਹਵਾ ਬੇਰੋਕ ਗਤੀ ਨਾਲ ਬਾਹਰ ਨਿਕਲਦੀ ਹੈ, ਉ ਕਹਿੰਦੇ ਹਨ? | |
| | (A) ਸਵਰ | (B) ਵਿਅੰਜਨ |
| | (C) ਅਰਧ-ਸਵਰ | (D) ਇਨ੍ਹਾਂ ਵਿੱਚੋਂ ਕੋਈ ਨਹੀਂ |

| | | |
|---|---|---|
| | (C) ਵਿਅੰਜਨ | (D) ਇਨ੍ਹਾਂ ਵਿਚੋਂ ਕੋਇ ਨਹੀਂ |
| 58. | ਮੁਹਾਰਨੀ ਦੀ ਸਹੀ ਤਰਤੀਬ ਕਿਹੜੀ ਹੈ? | |
| | (A) ਅ, ਆ, ਐ, ਔ, ਉ, ਊ, ਓ, ਇ, ਈ, ਏ | (B) ਉ, ਊ, ਓ, ਅ, ਆ, ਐ, ਔ, ਇ, ਈ, ਏ |
| | (C) ਇ, ਈ, ਏ, ਉ, ਊ, ਓ, ਅ, ਆ, ਐ, ਔ | (D) ਅ, ਆ, ਇ, ਈ, ਉ, ਊ, ਏ, ਐ, ਓ, ਔ |
| 59. | ਗੁਰਮੁਖੀ ਲਿਪੀ ਵਿਚ ਕਿੰਨੇ ਲਗਾਖਰ ਹਨ? | |
| | (A) ਦੋ | (B) ਤਿੰਨ |
| | (C) ਚਾਰ | (D) ਪੰਜ |
| 60. | ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਅਤੇ ਅਰਥ ਯੁਕਤ ਇਕਾਈ ਕਿਹੜੀ ਹੈ? | |
| | (A) ਧੁਨੀ | (B) ਸ਼ਬਦ |
| | (C) ਵਾਕੰਸ਼ | (D) ਵਾਕ |
| 61. | ਹੇਠ ਲਿਖਿਆਂ ਵਿਚ ਯੋਜਕ ਕਿਹੜੇ ਹਨ? | |
| | (A) ਦਾ, ਦੇ | (B) ਵਾਹ, ਹਾਏ |
| | (C) ਕਿਉਂਕਿ, ਨਾਲ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 62. | ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? | |
| | (A) ਪੰਜ | (B) ਛੇ |
| | (C, ਤਿੰਨ | (D) ਅੱਠ |
| 63. | ਭਾਵਵਾਚਕ ਨਾਂਵ ਕਿਹੜੇ ਹਨ? | |
| | (A) ਰੇਤ, ਪੱਥਰ | (B) ਡਾਰ, ਟੋਲੀ |
| | (C) ਦੁੱਖ, ਪਿਆਰ | (D) ਦਰਿਆ, ਪਸ਼ੂ |
| 64. | 'ਮੈਂ ਤੁਹਾਡੇ ਲਈ ਮਠਿਆਈ ਲਿਆਇਆ ਹਾਂ' ਵਾਕ ਵਿਚ 'ਤੁਹਾਡੇ ਲਈ' ਦਾ ਸੰਬੰਧ ਕਿਹੜੇ ਕਾਰਕ ਨਾਲ ਹੈ? | |
| | (A) ਕਰਨ ਕਾਰਕ | (B) ਅਧਿਕਰਨ ਕਾਰਕ |
| | (C) ਸੰਪਰਦਾਨ ਕਾਰਕ | (D) ਕਰਤਾ ਕਾਰਕ |
| 65. | 'ਕਈ ਪੜ੍ਹਾਈ ਵਿਚ ਵੀ ਓਨੀ ਹੀ ਦਿਲਚਸਪੀ ਰੱਖਦੇ ਹਨ ਜਿੰਨੀ ਖੇਡਾਂ ਵਿਚ' ਇਸ ਵਾਕ ਵਿਚ 'ਕਈ' ਪੜਨਾਂਵ ਦੀ ਕਿਹੜੀ ਕਿਸਮ ਹੈ? | |
| | (A) ਨਿੱਜਵਾਚਕ ਪੜਨਾਂਵ | (B) ਅਨਿਸ਼ਚੇਵਾਚਕ ਪੜਨਾਂਵ |
| | (C) ਸੰਬੰਧਵਾਚਕ ਪੜਨਾਂਵ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 66. | ਬਣਤਰ ਦੇ ਆਧਾਰ 'ਤੇ ਵਾਕ ਦੀਆਂ ਕਿੰਨੀਆਂ ਕਿਸਮਾਂ ਹਨ? | |
| | (A) ਦੋ | (B) ਤਿੰਨ |
| | (C) ਚਾਰ | (D) ਪੰਜ |

| | | |
|---|---|---|
| 67. | (i)ਫ਼ਰਸ਼ ਨੂੰ ਤਰ ਕਰੋ ਤਾਂਕਿ ਸੀਮਿੰਟ ਪੱਕ ਜਾਵੇ।<br>(ii)ਰੋਟੀ ਨਾਲ ਤਰ ਖਾਣੀ ਗੁਣਕਾਰੀ ਹੁੰਦੀ ਹੈ।<br>ਵਾਕ (i) ਅਤੇ (ii) ਵਿਚ 'ਤਰ' ਸ਼ਬਦ ਕਿਸ ਨਾਲ ਸਬੰਧਤ ਹੈ? | |
| | (A) ਸਮਾਨਾਰਥਕ ਸ਼ਬਦ | (B) ਬਹੁਅਰਥਕ ਸ਼ਬਦ |
| | (C) ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ | (D) ਵਿਰੋਧਾਰਥਕ ਸ਼ਬਦ |
| 68. | 'ਜਫ਼ਰ ਜਾਲਣੇ' ਮੁਹਾਵਰੇ ਦਾ ਅਰਥ ਕੀ ਹੈ? | |
| | (A) ਚੁੱਪ ਰਹਿਣਾ | (B) ਨਾਸ਼ ਕਰਨਾ |
| | (C) ਘਾਲਣਾ ਘਾਲਣੀ | (D) ਗੁੱਸੇ ਹੋਣਾ |
| 69. | ਪੂਰਨ ਵਿਸਰਾਮ ਤੋਂ ਅੱਧੇ ਠਹਿਰਾਅ ਲਈ ਕਿਹੜੇ ਵਿਸਰਾਮ ਚਿੰਨ੍ਹ ਦੀ ਵਰਤੋਂ ਹੁੰਦੀ ਹੈ? | |
| | (A) ਪੁੱਠੇ ਕਾਮੇ(" ") | (B) ਬਿੰਦੀ-ਕਾਮਾ(;) |
| | (C) ਡੈਸ਼(-) | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 70. | ਦੁਆਬੀ ਕਿਸ ਖੇਤਰ ਦੀ ਉਪਭਾਸ਼ਾ ਹੈ? | |
| | (A) ਮਾਨਸਾ, ਲੁਧਿਆਣਾ | (B) ਜਲੰਧਰ, ਕਪੂਰਥਲਾ |
| | (C) ਫ਼ਤਿਹਗੜ੍ਹ ਸਾਹਿਬ, ਅੰਬਾਲਾ | (D) ਗੁਰਦਾਸਪੁਰ, ਤਰਨਤਾਰਨ |
| 71. | ਕੰਮ-ਚਲਾਊ ਭਾਸ਼ਾ ਕਿਸਨੂੰ ਕਹਿੰਦੇ ਹਨ? | |
| | (A) ਪਿੱਜਿਨ | (B) ਬੋਲੀ |
| | (C) ਕ੍ਰੀਓਲ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 72. | ਕਿਰਿਆ ਦਾ ਉਹ ਰੂਪ ਜਿਸ ਤੋਂ ਇਹ ਪਤਾ ਲੱਗੇ ਕਿ ਉਸਨੂੰ ਕਰਨ ਵਾਲਾ ਕਰਤਾ ਆਪ ਨਹੀਂ ਸਗੋਂ ਕਿਰਿਆ ਕਿਸੇ ਹੋਰ ਕਰਵਾਈ ਜਾਵੇ, ਇਹ ਕਿਰਿਆ ਦੀ ਕਿਹੜੀ ਕਿਸਮ ਹੁੰਦੀ ਹੈ? | |
| | (A) ਅਕਰਮਕ ਕਿਰਿਆ | (B) ਸਕਰਮਕ ਕਿਰਿਆ |
| | (C) ਪ੍ਰੇਰਨਾਰਥਕ ਕਿਰਿਆ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 73. | 'ਤੁਹਾਡੇ ਕੱਪੜੇ ਚੰਗੇ ਧੋਤੇ ਹੋਏ ਹਨ' ਵਾਕ ਵਿਚ 'ਤੁਹਾਡਾ' ਸ਼ਬਦ ਕਿਹੜੇ ਵਿਸ਼ੇਸ਼ਣ ਨੂੰ ਦਰਸਾਉਂਦਾ ਹੈ? | |
| | (A) ਪਰਿਮਾਣਵਾਚਕ ਵਿਸ਼ੇਸ਼ਣ | (B) ਪੜਨਾਂਵੀਂ ਵਿਸ਼ੇਸ਼ਣ |
| | (C) ਨਿੰਸ਼ਚੇਵਾਚਕ ਵਿਸ਼ੇਸ਼ਣ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 74. | ਕੋਮਲ ਤਾਲਵੀ ਧੁਨੀਆਂ ਕਿਹੜੀਆਂ ਹਨ? | |
| | (A) ਕ, ਖ, ਗ | (B) ਪ, ਫ, ਬ |
| | (C) ਤ, ਥ, ਦ | (D) ਇਨ੍ਹਾਂ ਵਿੱਚੋਂ ਕੋਈ ਨਹੀਂ |
| 75. | ਹੇਠ ਲਿਖਿਆਂ ਵਿੱਚੋਂ ਹ੍ਰਸਵ ਸਵਰ ਕਿਹੜੇ ਹਨ? | |
| | (A) ਈ, ਏ | (B) ਊ, ਓ |
| | (C) ਇ, ਉ | (D) ਐ, ਆ |
| 76. | ਹਾਸ਼ਮ ਸ਼ਾਹ ਦਾ ਜਨਮ ਕਦੋਂ ਹੋਇਆ? | |
| | (A) 1733 ਈ. | (B) 1732 ਈ. |
| | (C) 1740 ਈ. | (D) 1752 ਈ. |

77. ਵਾਰਿਸ ਸ਼ਾਹ ਨੇ ਹੀਰ-ਰਾਂਝੇ ਦਾ ਕਿੱਸਾ ਕਦੋਂ ਸੰਪੂਰਨ ਕੀਤਾ?

| | |
|---|---|
| (A) 1766 ਈ. | (B) 1734 ਈ. |
| (C) 1713 ਈ. | (D) 1740 ਈ. |

78. ਮਲਕਹਾਂਸ ਪਿੰਡ ਦਾ ਸੰਬੰਧ ਕਿਸ ਨਾਲ ਹੈ?

| | |
|---|---|
| (A) ਪੀਲੂ | (B) ਵਾਰਿਸ ਸ਼ਾਹ |
| (C) ਕਾਦਰਯਾਰ | (D) ਹਾਸ਼ਮ ਸ਼ਾਹ |

79. 'ਕਰ ਅਸਬਾਬ ਲਇਆ ਸ਼ਹਿਜ਼ਾਦੀ, ਫੜਿਆ ਰਾਹੁ ਸ਼ੁਤਰ ਦਾ
ਪਾਣੀ ਖ਼ੂਨ, ਖ਼ੁਰਾਕ ਕਲੇਜਾ, ਰਹਿਬਰੁ ਦਰਦੁ ਹਿਜਰ ਦਾ।'
ਉਪਰੋਕਤ ਸਤਰਾਂ ਵਿਚ 'ਅਸਬਾਬ' ਸ਼ਬਦ ਦਾ ਅਰਥ ਕੀ ਹੈ?

| | |
|---|---|
| (A) ਸਾਮਾਨ | (B) ਜਨਮ |
| (C) ਮਿਹਨਤ | (D) ਕਰ |

80. ਜੰਡਿਆਲਾ ਸ਼ੇਰ ਖਾਂ ਵਿਖੇ ਕਿਸਦਾ ਜਨਮ ਹੋਇਆ?

| | |
|---|---|
| (A) ਵਾਰਿਸ ਸ਼ਾਹ | (B) ਪੀਲੂ |
| (C) ਹਾਸ਼ਮ ਸ਼ਾਹ | (D) ਇਨ੍ਹਾਂ ਵਿੱਚੋਂ ਕੋਈ ਨਹੀਂ। |

81. 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਕਿਸਦੀ ਰਚਨਾ ਹੈ?

| | |
|---|---|
| (A) ਵਾਰਿਸ ਸ਼ਾਹ | (B) ਸ਼ਾਹ ਮੁਹੰਮਦ |
| (C) ਗੁਰੂ ਗੋਬਿੰਦ ਸਿੰਘ | (D) ਪੀਲੂ |

82. ਹੇਠ ਲਿਖਿਆਂ ਵਿੱਚੋਂ ਕਿਹੜੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੈ?

| | |
|---|---|
| (A) ਬਚਿਤ੍ਰ ਨਾਟਕ | (B) ਗਿਆਨ ਪ੍ਰਬੋਧ |
| (C) ਦੱਖਣੀ ਓਅੰਕਾਰ | (D) ਅਕਾਲ ਉਸਤਤਿ |

83. 'ਦੋਹਾਂ ਕੰਧਾਰਾ ਮੁਹ ਜੁੜੇ ਦਲ ਘੁਰੇ ਨਗਾਰੇ।
ਓਰੜਿ ਆਏ ਸੂਰਮੇ ਸਿਰਦਾਰ ਰਣਿਆਰੇ।
ਉਪਰੋਕਤ ਸਤਰਾਂ ਕਿਸ ਰਚਨਾ ਵਿੱਚੋਂ ਹਨ?

| | |
|---|---|
| (A) ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ | (B) ਭਾਈ ਗੁਰਦਾਸ ਦੀਆਂ ਵਾਰਾਂ |
| (C) ਚੰਡੀ ਦੀ ਵਾਰ | (D) ਉਪਰੋਕਤ ਵਿੱਚੋਂ ਕੋਈ ਨਹੀਂ |

84. ਜਾਪੁ ਸਾਹਿਬ' ਕਿਸਦੀ ਰਚਨਾ ਹੈ?

| | |
|---|---|
| (A) ਗੁਰੂ ਅਰਜਨ ਦੇਵ ਜੀ | (B) ਗੁਰੂ ਗੋਬਿੰਦ ਸਿੰਘ ਜੀ |
| (C) ਗੁਰੂ ਨਾਨਕ ਦੇਵ ਜੀ | (D) ਉਪਰੋਕਤ ਵਿੱਚੋਂ ਕੋਈ ਨਹੀਂ |

85. 'ਸੁਰਪਤਿ ਜੇਹੇ ਲੜਿ ਹਟੇ ਬੀਰ ਟਲੇ ਨ ਟਾਲੇ।
ਗਜੇ ਦੁਰਗਾ ਘੇਰਿ ਕੈ ਜਣੁ ਘਣੀਅਰੁ ਕਾਲੇ।
ਉਪਰੋਕਤ ਸਤਰਾਂ ਵਿਚ 'ਘਣੀਅਰੁ' ਸ਼ਬਦ ਦਾ ਅਰਥ ਕੀ ਹੈ?

| | |
|---|---|
| (A) ਬੱਦਲ | (B) ਬਘਿਆੜ |
| (C) ਸ਼ੇਰ | (D) ਇਨ੍ਹਾਂ ਵਿੱਚੋਂ ਕੋਈ ਨਹੀਂ |

| | | |
|---|---|---|
| 86. | 'ਵਡਾਲਾ ਵੀਰਮ' ਹੇਠ ਲਿਖਿਆਂ ਵਿੱਚੋਂ ਕਿਸ ਦਾ ਜਨਮ ਸਥਾਨ ਹੈ? | |
| | (A) ਪੀਲੂ | (B) ਸ਼ਾਹ ਮੁਹੰਮਦ |
| | (C) ਵਾਰਿਸ ਸ਼ਾਹ | (D) ਹਾਸ਼ਮ ਸ਼ਾਹ |
| 87. | 'ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ<br>ਇੰਦ੍ਰ ਸਦਿ ਬੁਲਾਇਆ ਰਾਜ ਅਭਿਖੇਖ ਨੋ।<br>ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ<br>ਚਉਦੀ ਲੋਕੀ ਛਾਇਆ ਜਸੁ ਜਗਮਾਤ ਦਾ।।<br>ਉਪਰੋਕਤ ਸਤਰਾਂ 'ਚੰਡੀ ਦੀ ਵਾਰ' ਦੀ ਕਿਹੜੀ ਪਉੜੀ ਵਿਚ ਦਰਜ ਹਨ? | |
| | (A) 13ਵੀਂ | (B) 14ਵੀਂ |
| | (C) 55ਵੀਂ | (D) 52ਵੀਂ |
| 88. | 'ਚੰਡੀ ਦੀ ਵਾਰ' ਵਿਚ ਕਿਹੜੇ ਦੈਂਤ ਦਾ ਨਾਮ ਨਹੀਂ ਹੈ? | |
| | (A) ਮਹਿਖਾਸੁਰ | (B) ਹਰਨਾਖਸ਼ |
| | (C) ਸੁੰਭ | (D) ਨਿਸੁੰਭ |
| 89. | ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ<br>ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।'<br>ਉਪਰੋਕਤ ਸਤਰਾਂ ਵਿਚ 'ਸਰਕਾਰ' ਸ਼ਬਦ ਕਿਸਦੇ ਲਈ ਵਰਤਿਆ ਗਿਆ ਹੈ? | |
| | (A) ਰਾਣੀ ਜਿੰਦਾਂ ਲਈ | (B) ਅੰਗਰੇਜ਼ ਸਰਕਾਰ ਲਈ |
| | (C) ਮਹਾਰਾਜਾ ਰਣਜੀਤ ਸਿੰਘ ਲਈ | (D) ਸ਼ਾਮ ਸਿੰਘ ਅਟਾਰੀ ਲਈ |
| 90. | ਸ਼ਾਹ ਮੁਹੰਮਦ ਦਾ ਜਨਮ ਕਦੋਂ ਹੋਇਆ? | |
| | (A) 1779 | (B) 1781 |
| | (C) 1780 | (D) 1782 |
| 91. | ਅੰਮ੍ਰਿਤਾ ਪ੍ਰੀਤਮ ਨੂੰ ਕਿਹੜੀ ਰਚਨਾ 'ਤੇ ਗਿਆਨਪੀਠ ਪੁਰਸਕਾਰ ਮਿਲਿਆ? | |
| | (A) ਸੰਝ ਦੀ ਲਾਲੀ | (B) ਸੁਨੇਹੜੇ |
| | (C) ਲੋਕ ਪੀੜ | (D) ਕਾਗ਼ਜ਼ ਤੇ ਕੈਨਵਸ |
| 92. | 'ਕੱਚ ਦਾ ਗਲਾਸ' ਕਿਸਦੀ ਕਾਵਿ-ਰਚਨਾ ਹੈ? | |
| | (A) ਭਾਈ ਵੀਰ ਸਿੰਘ | (B) ਸੁਰਜੀਤ ਪਾਤਰ |
| | (C) ਪ੍ਰੋ.ਮੋਹਨ ਸਿੰਘ | (D) ਧਨੀ ਰਾਮ ਚਾਤ੍ਰਿਕ |
| 93. | ਸ੍ਰੀ ਪੋਹੂ ਮੱਲ ਕਿਸਦੇ ਪਿਤਾ ਦਾ ਨਾਮ ਹੈ? | |
| | (A) ਅੰਮ੍ਰਿਤਾ ਪ੍ਰੀਤਮ | (B) ਪ੍ਰੋ. ਪੂਰਨ ਸਿੰਘ |
| | (C) ਧਨੀ ਰਾਮ ਚਾਤ੍ਰਿਕ | (D) ਪ੍ਰੋ. ਮੋਹਨ ਸਿੰਘ |
| 94. | ਕਿਹੜੀ ਰਚਨਾ ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਪ੍ਰਾਪਤ ਹੋਇਆ? | |
| | (A) ਆਵਾਜ਼ਾਂ | (B) ਜੈ ਮੀਰ |
| | (C) ਖੁੱਲ੍ਹੇ ਘੁੰਡ | (D) ਨਲ ਦਮਿਯੰਤੀ |

| | | |
|---|---|---|
| | ਸਿੰਘ' ਕਿਸਦੀ ਰਚਨਾ ਹੈ? | |
| | ...ੀ ਰਾਮ ਚਾਤ੍ਰਿਕ | (B) ਪ੍ਰੋ. ਪੂਰਨ ਸਿੰਘ |
| | (C) ਭਾਈ ਵੀਰ ਸਿੰਘ | (D) ਸੁਰਜੀਤ ਪਾਤਰ |
| 96. | 1876 ਈ. ਵਿਚ ਕਿਸਦਾ ਜਨਮ ਹੋਇਆ? | |
| | (A) ਪ੍ਰੋ. ਪੂਰਨ ਸਿੰਘ | (B) ਧਨੀ ਰਾਮ ਚਾਤ੍ਰਿਕ |
| | (C) ਭਾਈ ਵੀਰ ਸਿੰਘ | (D) ਪ੍ਰੋ. ਮੋਹਨ ਸਿੰਘ |
| 97. | 'ਪੰਜ ਦਰਿਆ' ਮਾਸਿਕ ਪੱਤਰ ਕਿਸਨੇ ਜਾਰੀ ਕੀਤਾ? | |
| | (A) ਅੰਮ੍ਰਿਤਾ ਪ੍ਰੀਤਮ | (B) ਸੁਰਜੀਤ ਪਾਤਰ |
| | (C) ਭਾਈ ਵੀਰ ਸਿੰਘ | (D) ਪ੍ਰੋ.ਮੋਹਨ ਸਿੰਘ |
| 98. | ਸੁਰਜੀਤ ਪਾਤਰ ਨੂੰ 'ਪਦਮ ਸ਼੍ਰੀ' ਅਵਾਰਡ ਕਦੋਂ ਮਿਲਿਆ? | |
| | (A) 2010 | (B) 2002 |
| | (C) 2012 | (D) 2005 |
| 99. | ਪ੍ਰੋ. ਮੋਹਨ ਸਿੰਘ ਦਾ ਪਹਿਲਾ ਕਾਵਿ ਸੰਗ੍ਰਹਿ ਕਿਹੜਾ ਹੈ? | |
| | (A) ਵੱਡਾ ਵੇਲਾ | (B) ਸਾਵੇ ਪੱਤਰ |
| | (C) ਕਸੁੰਭੜਾ | (D) ਅਧਵਾਟੇ |
| 100 | ਹੇਠ ਲਿਖਿਆਂ ਵਿੱਚੋਂ ਕਿਹੜੀ ਰਚਨਾ ਅੰਮ੍ਰਿਤਾ ਪ੍ਰੀਤਮ ਦੀ ਨਹੀਂ ਹੈ? | |
| | (A) ਹਨੇਰੇ ਵਿਚ ਸੁਲਗਦੀ ਵਰਣਮਾਲਾ | (B) ਨਿੱਕੀ ਜਿਹੀ ਸੁਗਾਤ |
| | (C) ਅਸ਼ੋਕਾ ਚੇਤੀ | (D) ਸਰਘੀ ਵੇਲਾ |